# ਇਹ ਹਮਾਰਾ ਜੀਵਣਾ

੧੫.੯.੯੬

**ਗੁਰਸ਼ਰਨ ਸਿੰਘ**

**ਅਸੀਂ ਕੀ ਚਾਹੁੰਦੇ ਹਾਂ** ? ਇਹ ਸਵਾਲ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਸੰਬੋਧਨ ਹੈ। ਪੰਜਾਬ ਅਸੰਬਲੀ ਦੀਆਂ ਇਲੈਕਸ਼ਨਾਂ ਫਰਵਰੀ 1997 ਵਿਚ ਹੋਣੀਆਂ ਹਨ। ਇਹਦੇ ਲਈ ਵੱਖ-ਵੱਖ ਸਿਆਸੀ ਪਾਰਟੀਆਂ ਤਿਆਰੀ ਵਿਚ ਰੁੱਝ ਗਈਆਂ ਹਨ। ਮੋਰਚੇ ਤੇ ਗਠ ਜੋੜ ਵੀ ਬਣਨੇ ਸ਼ੁਰੂ ਹੋ ਗਏ ਹਨ। ਗੁਰਦੁਆਰਾ ਚੋਣਾਂ ਵਿਚ ਉਮੀਦਵਾਰਾਂ ਦੀ ਚੋਣ ਵੇਲੇ ਅਕਾਲੀਆਂ ਵਿਚ ਜਿਹੜੇ ਆਪਸੀ ਰੱਫੜ ਪੈ ਰਹੇ ਹਨ, ਉਨ੍ਹਾਂ ਪਿੱਛੇ ਵੀ ਆਉਣ ਵਾਲੀਆਂ ਅਸੰਬਲੀ ਚੋਣਾਂ ਹੀ ਹਨ। ਵੇਖਣ ਵਿਚ ਆ ਰਿਹਾ ਹੈ ਕਿ ਸਿਆਸੀ ਗਠਜੋੜ ਵਿਚ ਜਿਹੜੇ ਮੁੱਦੇ ਉੱਤੇ ਆ ਰਹੇ ਹਨ, ਉਹ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਬੁਨਿਆਦੀ ਤਬਦੀਲੀ ਵੱਲ ਸੰਬੋਧਨ ਨਹੀਂ। ਪੰਜਾਬ ਵਿਚ 12500 ਪਿੰਡ ਹਨ, ਅੱਗੋਂ ਉਨ੍ਹਾਂ ਦੇ 12500 ਵਿਹੜੇ ਹਨ, 79 ਛੋਟੇ ਸ਼ਹਿਰ ਜਾਂ ਕਸਬੇ ਹਨ। 17 ਵੱਡੇ ਸ਼ਹਿਰ ਹਨ। ਚੰਡੀਗੜ੍ਹ ਰਾਜਧਾਨੀ ਹੈ, ਜਿਸ ਦੇ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਭਾਰਤ ਵਿਚੋਂ ਸਾਰਿਆਂ ਨਾਲੋਂ ਵੱਧ ਆਧੁਨਿਕ ਸਹੂਲਤਾਂ ਵਾਲਾ ਸ਼ਹਿਰ ਹੈ। ਇਹ ਤਾਂ ਸਪਸ਼ਟ ਹੈ ਕਿ ਲੋਕਾਂ ਦੀ ਬੁਨਿਆਦੀ ਜ਼ਰੂਰਤ ਹੈ ਕਿ ਉਨ੍ਹਾਂ ਨੂੰ ਆਧੁਨਿਕ ਸਹੂਲਤਾਂ ਵਾਲਾ ਇਕ ਚੰਗਾ ਜੀਵਨ ਜੀਣ ਨੂੰ ਮਿਲੇ। ਚੰਡੀਗੜ੍ਹ ਆਧੁਨਿਕ ਸਹੂਲਤਾਂ ਦੇ ਸੰਦਰਭ ਵਿਚ ਇਕ ਮਾਡਲ ਹੋ ਸਕਦਾ ਹੈ। ਮਾਡਲ ਜਦੋਂ ਕੋਲ ਹੋਵੇ ਤਾਂ ਫਿਰ ਅੱਜ ਦੇ ਸਾਇੰਸ ਦੇ ਯੁੱਗ ਵਿਚ ਕੀ ਮੁਮਕਿਨ ਨਹੀਂ?

ਇਕ ਮਿਸਾਲ ਇੱਥੇ ਭਾਖੜਾ ਡੈਮ ਦੀ ਉਸਾਰੀ ਦੀ ਦਿੱਤੀ ਜਾ ਸਕਦੀ ਹੈ ਕਿਉਂਕਿ ਇਸ ਉਸਾਰੀ ਵਿਚ ਮੈਂ ਆਪ ਹਿੱਸਾ ਲਿਆ ਹੋਇਆ ਹੈ, ਇਸ ਲਈ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਪੂਰੀ ਤਰ੍ਹਾਂ ਪਲੈਨਿੰਗ ਨਾਲ ਵੱਡੇ ਤੋਂ ਵੱਡਾ ਕੰਮ ਸਿਰੇ ਚੜ੍ਹਾਇਆ ਜਾ ਸਕਦਾ ਹੈ। ਭਾਖੜਾ ਡੈਮ ਦੀਆਂ ਤਿੰਨ ਮੁਤਵਾਜ਼ੀ ਸੰਸਥਾਵਾਂ ਸਨ। ਇਕ ਪਲੈਨਿੰਗ ਅਤੇ ਡੀਜ਼ਾਇਨਿੰਗ, ਦੂਜੀ ਉਸਾਰੀ ਤੇ ਤੀਜੀ ਨਿਗਰਾਨੀ। 1950 ਵਿਚ ਹੀ ਪਲੈਨਿੰਗ ਕਰਕੇ 12 ਸਾਲ ਅੱਗੇ ਦੀ ਰੂਪ-ਰੇਖਾ ਬਣਾ ਲਈ ਗਈ ਸੀ ਇਕ ਵੱਡੀ ਪ੍ਰਾਜੈਕਟ ਕਿਤਾਬ ਸੀ ਜਿਸ ਵਿਚ ਪੂਰੀ ਵਿਸਥਾਰ ਨਾਲ ਦਰਜ ਸੀ ਕਿ ਹਰ ਸਾਲ, ਹਰ ਮਹੀਨੇ, ਹਰ ਦਿਨ ਕੀ ਕੰਮ ਸਿਰੇ ਚੜ੍ਹਾਉਣਾ ਹੈ। ਇਹ ਡੈਮ 1962 ਵਿਚ ਪੂਰੀ ਪਲੈਨ ਨਾਲ ਖਤਮ ਕਰ ਲਿਆ ਗਿਆ। ਇਸ ਤਰ੍ਹਾਂ ਡੈਮ ਉਸਰ ਗਿਆ। ਇਹ ਦੁਨੀਆ ਦੇ ਵੱਡੇ ਡੈਮਾਂ ਵਿਚੋਂ ਇਕ ਹੈ। ਇਸੇ ਤਰ੍ਹਾਂ ਬੜੇ ਸੌਖੇ ਢੰਗ ਨਾਲ ਪਲੈਨ ਕੀਤਾ ਜਾ ਸਕਦਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਆਧੁਨਿਕ ਸਹੂਲਤਾਂ ਵਾਲਾ ਜੀਵਣ ਕਿਸ ਤਰ੍ਹਾਂ ਦੇਣਾ ਹੈ। ਇਸ ਵਿਚ ਸਾਫ-ਸੁਥਰਾ ਪਾਣੀ, ਸਹੀ ਕਿਸਮ ਦੇ ਘਰਾਂ ਦੀਆਂ ਕਾਲੋਨੀਆਂ, ਬਿਜਲੀ, ਫਲੱਸ਼, ਟੱਟੀਆਂ, ਗੁਸਲਖਾਨੇ, ਖੇਡਾਂ ਲਈ ਗਰਾਊਂਡਾਂ, ਪਾਰਕ, ਸਕੂਲ, ਹਸਪਤਾਲ, ਲਿੰਕ ਸੜਕਾਂ ਆਦਿਕ।

ਸਿਆਸੀ ਪਾਰਟੀਆਂ ਖਾਸ ਕਰਕੇ ਖੱਬੀ ਧਿਰ ਦੀਆਂ ਪਾਰਟੀਆਂ ਜਿਹੜੀਆਂ ਬੁਨਿਆਦੀ ਤੌਰ 'ਤੇ ਬਰਾਬਰੀ ਅਤੇ ਸਮਾਜਕ ਨਿਆਂ ਵਿਚ ਯਕੀਨ ਰੱਖਦੀਆਂ ਹਨ, ਉਨ੍ਹਾਂ ਨੂੰ ਚੋਣ ਮੈਨੀਫੈਸਟੋ ਇਸ ਕਿਸਮ ਦੇ ਤਿਆਰ ਕਰਨੇ ਚਾਹੀਦੇ ਹਨ, ਜਿਨ੍ਹਾਂ ਵਿਚ ਸਪਸ਼ਟ ਵਚਨਬੱਧੀ ਹੋਵੇ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਉਹ ਲੋਕਾਂ ਨੂੰ ਕੀ ਦੇਣਗੇ, ਵਿਸ਼ੇਸ਼ ਕਰਕੇ ਉਨ੍ਹਾਂ ਲੋਕਾਂ ਨੂੰ ਜਿਹੜੇ ਜ਼ਿੰਦਗੀ ਦੀਆਂ ਸਹੂਲਤਾਂ ਤੋਂ ਵਾਂਝੇ ਹਨ। ਇਹ ਸਪਸ਼ਟਤਾ ਸਮੇਂ ਦੀ ਲੋੜ ਹੈ। ਹਵਾ ਵਿਚ ਗੱਲਾਂ ਕਰਨ ਦਾ ਸਮਾਂ ਬੀਤ ਗਿਆ ਹੈ।